ਮੈਡੀਕਲ ਸਿੱਖਿਆ ਤੇ ਖੋਜ ਵਿਭਾਗ ਵਿੱਚ ਪ੍ਰੋਫੈਸਰ / ਐਸੋਸੀਏਟ ਪ੍ਰੋਫੈਸਰ / ਸਹਾਇਕ ਪ੍ਰੋਫੈਸਰ ਦੀਆਂ ਅਸਾਮੀਆਂ ਪਦ-ਉਨਤੀ ਰਾਹੀਂ ਭਰਨ ਬਾਰੇ ਵਿਭਾਗੀ ਤਰੱਕੀ ਕਮੇਟੀ ਦੀ ਮਿਤੀ 06-06-14 ਨੂੰ ਸਵੇਰੇ 11:00 ਵਜੇ ਪ੍ਰਮੁੱਖ ਸਕੱਤਰ, ਮੈਡੀਕਲ ਸਿੱਖਿਆ ਤੇ ਖੋਜ ਜੀ ਦੇ ਦਫਤਰ ਵਿੱਚ ਹੋਈ ਮੀਟਿੰਗ ਦੀ ਕਾਰਵਾਈ ।

****

ਪ੍ਰਮੁੱਖ ਸਕੱਤਰ, ਮੈਡੀਕਲ ਸਿੱਖਿਆ ਤੇ ਖੋਜ ਵਿਭਾਗ, ਪੰਜਾਬ ਜੀ ਦੀ ਪ੍ਰਧਾਨਗੀ ਹੇਠ ਵਿਭਾਗੀ ਤਰੱਕੀ ਕਮੇਟੀ ਦੀ ਮੀਟਿੰਗ ਮਿਤੀ 06-06-14 ਨੂੰ ਸਵੇਰੇ 11:00 ਵਜੇ ਹੋਈ, ਜਿਸ ਵਿੱਚ ਹੇਠ ਲਿਖੇ ਕਮੇਟੀ ਦੇ ਮੈਂਬਰ ਸ਼ਾਮਲ ਹੋਏ:-

1) ਡਾ: ਤੇਜਬੀਰ ਸਿੰਘ, ਡਾਇਰੈਕਟਰ, ਖੋਜ ਤੇ ਮੈਡੀਕਲ ਸਿੱਖਿਆ ਵਿਭਾਗ, ਪੰਜਾਬ

2) ਸ਼੍ਰੀ ਕਸ਼ਮੀਰਾ ਸਿੰਘ, ਬਜਟ ਅਫਸਰ, ਵਿੱਤ ਵਿਭਾਗ
(ਭਲਾਈ ਵਿਭਾਗ ਦਾ ਨੁਮਾਇੰਦਾ)

3) ਸ਼੍ਰੀ ਸੁਰੇਸ਼ ਕੁਮਾਰ, ਸੁਪਰਡੰਟ , ਪੀ.ਪੀ.-2 ਸ਼ਾਖਾ,
(ਪ੍ਰਸੋਨਲ ਵਿਭਾਗ ਦਾ ਨੁਮਾਇੰਦਾ)

4) ਸ਼੍ਰੀ ਕਰਤਾਰ ਸਿੰਘ, ਸੁਪਰਡੰਟ
ਦਫਤਰ ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ।
(ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਦਾ ਨੁਮਾਇੰਦਾ)

2. ਮੈਡੀਕਲ ਸਿੱਖਿਆ ਤੇ ਖੋਜ ਵਿਭਾਗ ਵੱਲੋਂ ਸ਼੍ਰੀ ਮਨਮੋਹਨ ਸਿੰਘ, ਅਧੀਨ ਸਕੱਤਰ ਅਤੇ ਡਾ: ਜਸਬੀਰ ਸਿੰਘ, ਨੋਡਲ ਅਫਸਰ ਅਤੇ ਕਰਨੈਲ ਸਿੰਘ, ਸੁਪਰਡੰਟ, ਮੁੱਖ ਦਫਤਰ, ਡੀ.ਆਰ.ਐਮ.ਈ. ਵੀ ਮੀਟਿੰਗ ਵਿੱਚ ਹਾਜਰ ਹੋਏ ।

3. ਪ੍ਰੋਫੈਸਰ ਦੀ ਅਸਾਮੀ ਪੇ-ਸਕੇਲ 37400-67000+10000 ਗਰੇਡ ਪੇ ਵਿੱਚ , ਐਸੋਸੀਏਟ ਪ੍ਰੋਫੈਸਰ ਦੀ ਅਸਾਮੀ ਪੇ-ਸਕੇਲ 37400-67000+8900 ਗਰੇਡ ਪੇ ਵਿੱਚ ਅਤੇ ਸਹਾਇਕ ਪ੍ਰੋਫੈਸਰ ਦੀ ਅਸਾਮੀ ਪੇ-ਸਕੇਲ 37400-67000+8600 ਗਰੇਡ ਪੇ ਵਿੱਚ ਗਰੁੱਪ -ਏ ਦੀਆਂ ਅਸਾਮੀਆਂ ਹਨ । ਪ੍ਰਸੋਨਲ ਵਿਭਾਗ ਦੀਆਂ ਹਦਾਇਤਾਂ ਨੰ:4/6/2000-3ਪੀ.ਪੀ.1/13720, ਮਿਤੀ 06-09-2001 ਦੇ ਉਪਬੰਧਾਂ ਅਨੁਸਾਰ ਗਰੁੱਪ-ਏ ਦੀਆਂ ਉਕਤ ਅਸਾਮੀਆਂ ਲਈ ਪਿਛਲੀਆਂ 5 ਗੁਪਤ ਰਿਪੋਰਟਾਂ ਦੇ ਅਧਾਰ ਤੇ 12 ਅੰਕਾਂ ਦਾ ਬਹੁਤ ਚੰਗਾ ਬੈਂਚ ਮਾਰਕ ਨਿਸਚਿਤ ਹੈ ਅਤੇ ਕੋਈ ਸੁਪਰਸੈਸਨ ਨਹੀਂ ਹੈ ।

4. ਡਾਇਰੈਕਟਰ, ਖੋਜ ਅਤੇ ਮੈਡੀਕਲ ਸਿੱਖਿਆ ਵੱਲੋਂ ਮੀਟਿੰਗ ਵਿੱਚ ਅਜੰਡੇ ਪੇਸ ਕੀਤੇ ਗਏ ਅਤੇ ਹਰ ਇੱਕ ਅਸਾਮੀ ਦੇ ਸਬੰਧ ਵਿੱਚ ਕਮੇਟੀ ਨੂੰ ਬਰੀਫ ਕੀਤਾ ਗਿਆ ਅਤੇ ਇਸ ਉਪਰੰਤ ਅਜੰਡੇ ਵਿੱਚ ਦਰਜ ਡਾਕਟਰਾਂ ਦਾ ਰਿਕਾਰਡ ਵਿਭਾਗੀ ਤਰੱਕੀ ਕਮੇਟੀ ਵੱਲੋਂ ਵਿਚਾਰਨ ਉਪਰੰਤ ਪਦ-ਉਨਤੀ ਲਈ ਹੇਠ ਅਨੁਸਾਰ ਸਿਫਾਰਸ਼ਾਂ ਕੀਤੀਆਂ ਗਈਆਂ ਹਨ:-

(1) <u>ਪ੍ਰੋਫੈਸਰ ( ਆਬਸਟ ਅਤੇ ਗਾਇਨੀਕੋਲੋਜੀ) - ਖਾਲੀ=1 ( ਜਨਰਲ ਵਰਗ ਲਈ ):-</u>

ਡਾ: ਮਨਜੀਤ ਕੌਰ, ਐਸੋਸੀਏਟ ਪ੍ਰੋਫੈਸਰ ਗਾਇਨੀ, ਸਰਕਾਰੀ ਮੈਡੀਕਲ ਕਾਲਜ, ਪਟਿਆਲਾ ਦਾ 12 ਅੰਕਾਂ ਦਾ ਬਹੁਤ ਚੰਗਾ ਬੈਂਚ ਮਾਰਕ ਪੂਰਾ ਹੈ ਅਤੇ ਉਸ ਵਿਰੁੱਧ ਕੋਈ ਵਿਭਾਗੀ ਕਾਰਵਾਈ ਆਦਿ ਦਾ ਕੇਸ ਪੈਂਡਿੰਗ ਨਹੀਂ ਹੈ । ਇਹ ਐਮ.ਸੀ.ਆਈ. ਦੇ ਨਾਰਮ ਪੂਰੀ ਕਰਦੀ ਹੈ ਅਤੇ ਇਸ ਦੀ ਪਬਲੀਕੇਸ਼ਨ ਹੇਠ ਅਨੁਸਾਰ ਹਨ:-

1. An unusual case of complete hydatiform mole with postoperative eclampsia. Goel Sudesh, **Kaur Manjeet**, Gupta Sonia in the Journal obstetrics and gynaecology of india. 2007
2. Peripartum hysterectomy – a five year study. Marwaha Pareveen, **Kaur Manjeet**, Gupta Anju in the journal of obstetrics and gynaecology of India. 2008
3. Misoprostol in obstetrics – A boon, Ruby Bhatia, **Manjeet Kaur**, Surjeet K Bajwa, Manjit Kaur Mohi, Khushpreet Kaur, Jyotika in Obs and Gynae today. 2007
4. Comparative study of sublingual versus vaginal misoprostol on preoperative cervical priming in first trimester abortion, by Parneet Kaur, **Manjeet Kaur**, Balwinder Kaur, Manjit Kaur Mohi, Khushpreet Kaur, Preeti Jindal in Indian Journal of Clinical Practice 2013

All are Indexed Journals

ਇਸ ਲਈ ਕਮੇਟੀ ਵੱਲੋਂ ਡਾਕਟਰ ਮਨਜੀਤ ਕੌਰ ਨੂੰ ਪਦ-ਉਨਤੀ ਲਈ ਸਿਫਾਰਸ ਕੀਤਾ ਜਾਂਦਾ ਹੈ ।

ਸੁਰੇਸ਼ ਕੁਮਾਰ 19/6/14

-2-

(2) <u>ਪ੍ਰੋਫੈਸਰ ਦੀਆਂ ਵੱਖ-ਵੱਖ ਕੈਟਾਗਰੀਆਂ ਦੀ ਹੇਠ ਦੱਸੀ ਅਸਾਮੀਆਂ ਲਈ ਵੀ ਅਜੰਡੇ ਕਮੇਟੀ ਅੱਗੇ ਪੇਸ ਕੀਤੇ ਗਏ :-</u>

(ੳ) ਪ੍ਰੋਫੈਸਰ (ਸਰਜਰੀ) - ਖਾਲੀ-3 (ਅ:ਜਾਤੀ=1, ਜਨਰਲ=2)

(ਅ) ਪ੍ਰੋਫੈਸਰ (ਐਸ.ਪੀ.ਐਮ.) - ਖਾਲੀ-1 ਅਤੇ ਰਿਜਲਟੈਂਟ - 1 (ਅ:ਜਾਤੀ=1, ਜਨਰਲ=1)

(ੲ) ਪ੍ਰੋਫੈਸਰ (ਫਾਰਮਾਕੋਲੋਜੀ) - ਖਾਲੀ-1 (ਅ:ਜਾਤੀ ਲਈ)

(ਸ) ਪ੍ਰੋਫੈਸਰ (ਟੀ.ਬੀ. ਐਂਡ ਚੈਸਟ) - ਖਾਲੀ -1 (ਜਨਰਲ ਵਰਗ ਲਈ) :-

ਡਾਇਰੈਕਟਰ ਖੋਜ ਅਤੇ ਮੈਡੀਕਲ ਸਿੱਖਿਆ ਵੱਲੋਂ ਦੱਸਿਆ ਗਿਆ ਕਿ ਇਨ੍ਹਾਂ ਅਜੰਡਿਆਂ ਵਿੱਚ ਵਿਚਾਰੇ ਜਾ ਰਹੇ ਡਾਕਟਰਾਂ ਦੀਆਂ ਸਾਲ 2013-14 ਦੀ ਗੁਪਤ ਰਿਪੋਰਟ ਨਹੀਂ ਹੈ । ਇਸ ਤੋਂ ਇਲਾਵਾ ਮੈਡੀਕਲ ਕੌਂਸਲ ਆਫ ਇੰਡੀਆ (ਐਮ.ਸੀ.ਆਈ.) ਵੱਲੋਂ ਨਿਰਧਾਰਤ ਨਾਰਮ ਅਨੁਸਾਰ ਪ੍ਰੋਫੈਸਰ ਦੀ ਅਸਾਮੀ ਲਈ ਲੋੜੀਂਦੀ ਪਬਲੀਕੇਸਨ ਹੋਣ ਬਾਰੇ ਸੂਚਨਾ /ਰਿਪੋਰਟ ਉਪਲੱਬਧ ਨਹੀਂ ।

ਇਸ ਉਪਰੰਤ ਕਮੇਟੀ ਵੱਲੋਂ ਉਕਤ ਅਜੰਡੇ ਡੈਫਰ ਕੀਤੇ ਗਏ ਅਤੇ ਪ੍ਰੇਖਣ ਕੀਤਾ ਗਿਆ ਕਿ ਉਕਤ ਅਜੰਡੇ ਲੋੜੀਂਦੀ ਸੂਚਨਾ ਸਮੇਤ ਅਗਲੀ ਹੋਣ ਵਾਲੀ ਡੀ.ਪੀ.ਸੀ. ਦੀ ਮੀਟਿੰਗ ਵਿੱਚ ਪੇਸ ਕੀਤੇ ਜਾਣ ।

(3) <u>ਐਸੋਸੀਏਟ ਪ੍ਰੋਫੈਸਰ ( ਆਬਸਟ ਅਤੇ ਗਾਇਨੀਕੋਲੋਜੀ) - ਖਾਲੀ=1 ( ਜਨਰਲ ਵਰਗ ਲਈ ):-</u>

ਡਾ: ਰੁਬੀ ਭਾਟੀਆ, ਸਹਾਇਕ ਪ੍ਰੋਫੈਸਰ ਗਾਇਨੀ, ਸਰਕਾਰੀ ਮੈਡੀਕਲ ਕਾਲਜ, ਪਟਿਆਲਾ ਦਾ 12 ਅੰਕਾਂ ਦਾ ਬਹੁਤ ਚੰਗਾ ਬੈਂਚ ਮਾਰਕ ਪੂਰਾ ਹੈ ਅਤੇ ਉਸ ਵਿਰੁੱਧ ਕੋਈ ਵਿਭਾਗੀ ਕਾਰਵਾਈ ਆਦਿ ਦਾ ਕੇਸ ਪੈਂਡਿੰਗ ਨਹੀਂ ਹੈ । ਇਹ ਐਮ.ਸੀ.ਆਈ. ਦੇ ਨਾਰਮ ਪੂਰੀ ਕਰਦੀ ਹੈ । ਉਸ ਦੀਆਂ ਪਬਲੀਕੇਸ਼ਨਾਂ ਹੇਠ ਅਨੁਸਾਰ ਹਨ:-

1. Spontaneous rupture of unscarred gravid term uterus during labour in a grandmultipara – A case report by **Ruby Bhatia**, Paramjit Kaur, S.K.Bhatia, Karanvir Singh, Rohan Bhatia, Surinder Bhupal, Rajwinder Kaur in International Journal of Gynaecology and Obstetrics. 2013
2. Misplaced Copper T – Rests in sigmoid colon by Paramjit Kaur, **Ruby Bhatia**, Surinder Kaur Bhupal, Inderjit Chawla, Karnail Singh, Sonam in International Journal of Gynaecology and Obstetrics India. 2011

**Both are Indexed Journals**

ਇਸ ਲਈ ਕਮੇਟੀ ਵੱਲੋਂ ਡਾ: ਰੁਬੀ ਭਾਟੀਆ ਨੂੰ ਪਦ-ਉਨਤੀ ਲਈ ਸਿਫਾਰਸ ਕੀਤਾ ਜਾਂਦਾ ਹੈ ।

(4) <u>ਐਸੋਸੀਏਟ ਪ੍ਰੋਫੈਸਰ ਦੀਆਂ ਵੱਖ-ਵੱਖ ਕੈਟਾਗਰੀਆਂ ਦੀ ਹੇਠ ਦੱਸੀ ਅਸਾਮੀਆਂ ਲਈ ਵੀ ਅਜੰਡੇ ਕਮੇਟੀ ਅੱਗੇ ਪੇਸ ਕੀਤੇ ਗਏ :-</u>

(ੳ) ਐਸੋਸੀਏਟ ਪ੍ਰੋਫੈਸਰ (ਸਰਜਰੀ) - ਖਾਲੀ-2 ਅਤੇ ਰਿਜਲਟੈਂਟ - 1 (ਅ:ਜਾਤੀ=1, ਜਨਰਲ=2) :-

(ਅ) ਐਸੋਸੀਏਟ ਪ੍ਰੋਫੈਸਰ (ਫਰਾਂਸਿਕ ਮੈਡੀਸਨ) - ਖਾਲੀ-1 (ਅ:ਜਾਤੀ=1, ਜਨਰਲ=1)

(ੲ) ਐਸੋਸੀਏਟ ਪ੍ਰੋਫੈਸਰ (ਈ.ਐਨ.ਟੀ.) - ਖਾਲੀ -2 ਰਿਜਲਟੈਂਟ (ਅ:ਜਾਤੀ=1, ਜਨਰਲ=1)

(ਸ) ਐਸੋਸੀਏਟ ਪ੍ਰੋਫੈਸਰ (ਸਕਿਨ ਐਂਡ ਵੀ.ਡੀ.) - ਖਾਲੀ-1 ਰਿਜਲਟੈਂਟ

(ਹ) ਐਸੋਸੀਏਟ ਪ੍ਰੋਫੈਸਰ (ਟੀ.ਬੀ. ਐਂਡ ਚੈਸਟ) - ਖਾਲੀ -1 ( ਅ:ਜਾਤੀ ਲਈ) :-

(ਕ) ਐਸੋਸੀਏਟ ਪ੍ਰੋਫੈਸਰ (ਐਂਡੋਕਰੀਨੋਲੋਜੀ) - ਖਾਲੀ-1

ਡਾਇਰੈਕਟਰ ਖੋਜ ਅਤੇ ਮੈਡੀਕਲ ਸਿੱਖਿਆ ਵੱਲੋਂ ਦੱਸਿਆ ਗਿਆ ਕਿ ਇਨ੍ਹਾਂ ਅਜੰਡਿਆਂ ਵਿੱਚ ਵਿਚਾਰੇ ਜਾ ਰਹੇ ਡਾਕਟਰਾਂ ਦੀਆਂ ਸਾਲ 2013-14 ਦੀ ਗੁਪਤ ਰਿਪੋਰਟ ਨਹੀਂ ਹੈ । ਇਸ ਤੋਂ ਇਲਾਵਾ ਮੈਡੀਕਲ ਕੌਂਸਲ ਆਫ

19/6/2014

58

ਇੰਡੀਆ (ਐਮ.ਸੀ.ਆਈ.) ਵੱਲੋਂ ਨਿਰਧਾਰਤ ਨਾਰਮ ਅਨੁਸਾਰ ਐਸੋਸੀਏਟ ਪ੍ਰੋਫੈਸਰ ਦੀ ਅਸਾਮੀ ਲਈ ਲੋੜੀਂਦੀ ਪਬਲੀਕੇਸਨ ਹੋਣ ਬਾਰੇ ਸੂਚਨਾ /ਰਿਪੋਰਟ ਉਪਲੱਬਧ ਨਹੀਂ ।

ਇਸ ਉਪਰੰਤ ਕਮੇਟੀ ਵੱਲੋਂ ਉਕਤ ਅਜੰਡੇ ਡੈਫਰ ਕੀਤੇ ਗਏ ਅਤੇ ਪ੍ਰੇਖਣ ਕੀਤਾ ਗਿਆ ਕਿ ਉਕਤ ਅਜੰਡੇ ਲੋੜੀਂਦੀ ਸੂਚਨਾ ਸਮੇਤ ਅਗਲੀ ਹੋਣ ਵਾਲੀ ਡੀ.ਪੀ.ਸੀ. ਦੀ ਮੀਟਿੰਗ ਵਿੱਚ ਪੇਸ਼ ਕੀਤੇ ਜਾਣ ।

(5) <u>ਸਹਾਇਕ ਪ੍ਰੋਫੈਸਰ (ਆਰਥੋਪੈਡਿਕਸ) - ਖਾਲੀ-2 (ਅ:ਜਾਤੀ -1 , ਜਨਰਲ - 1) ਰਿਜਲਟੈਂਟ</u>

(1) ਡਾ: ਅਮਨਦੀਪ ਸਿੰਘ ਬਖਸੀ, ਸੇਵਾ ਨੰ:6289, ਮੈਡੀਕਲ ਅਫਸਰ, ਸਿਵਲ ਹਸਪਤਾਲ, ਧੂਰੀ ਦਾ 12 ਅੰਕਾਂ ਦਾ ਬਹੁਤ ਚੰਗਾ ਬੈਂਚ ਮਾਰਕ ਪੂਰਾ ਹੈ ਅਤੇ ਉਸ ਵਿਰੁੱਧ ਕੋਈ ਵਿਭਾਗੀ ਕਾਰਵਾਈ ਆਦਿ ਦਾ ਕੇਸ ਪੈਂਡਿੰਗ ਨਹੀਂ ਹੈ । ਇਸ ਲਈ ਕਮੇਟੀ ਵੱਲੋਂ ਉਸ ਨੂੰ ਜਨਰਲ ਵਰਗ ਦੀ ਅਸਾਮੀ ਵਿਰੁੱਧ ਪਦ-ਉਨਤੀ ਲਈ ਸਿਫਾਰਸ ਕੀਤਾ ਜਾਂਦਾ ਹੈ ।

(2) ਡਾ: ਰਜੇਸ ਕੁਮਾਰ (ਅ:ਜਾਤੀ), ਸੇਵਾ ਨੰ:7667, ਸੀਨੀਅਰ ਰੈਜੀਡੈਂਟ, ਗੁਰੂ ਨਾਨਕ ਦੇਵ ਹਸਪਤਾਲ, ਅੰਮ੍ਰਿਤਸਰ ਨੂੰ ਰਾਖਵੀਂ ਅਸਾਮੀ ਤੇ ਵਿਚਾਰਨ ਤੋਂ ਪਹਿਲਾਂ ਡੀ.ਆਰ.ਐਮ.ਈ. ਵੱਲੋਂ ਦੱਸਿਆ ਗਿਆ ਹੈ ਕਿ ਇਹ ਡਾਕਟਰ ਕਾਫੀ ਸਮੇਂ ਤੋਂ ਗੈਰ ਹਾਜਰ ਚੱਲ ਰਿਹਾ ਹੈ ਅਤੇ ਇਸ ਲਈ ਉਸ ਦੇ ਗੈਰ-ਹਾਜਰ ਕਰਕੇ ਉਸ ਨੂੰ ਵਿਚਾਰਨਾ ਨਹੀਂ ਬਣਦਾ । ਕਮੇਟੀ ਵੱਲੋਂ ਪ੍ਰੇਖਣ ਕੀਤਾ ਗਿਆ ਕਿ ਡਾਕਟਰ ਦੇ ਗੈਰ ਹਾਜਰ ਰਹਿਣ ਬਾਰੇ ਉਸ ਵਿਰੁੱਧ ਜੋ ਵੀ ਨਿਯਮਾਂ ਤਹਿਤ ਕਾਰਵਾਈ ਕਰਨੀ ਬਣਦੀ ਹੈ, ਉਹ ਕੀਤੀ ਜਾਵੇ ।

(6) <u>ਸਹਾਇਕ ਪ੍ਰੋਫੈਸਰ (ਮੈਡੀਸਨ) - ਖਾਲੀ-2 (ਜਨਰਲ ਵਰਗ ਲਈ):-</u>

(1) ਡਾ: ਸੰਜੇ ਕੁਮਾਰ ਗੋਇਲ, ਸੇਵਾ ਨੰ:5480, ਮੈਡੀਕਲ ਅਫਸਰ, ਮੈਡੀਸਨ ਵਿਭਾਗ, ਰਜਿੰਦਰਾ ਹਸਪਤਾਲ, ਪਟਿਆਲਾ ਦਾ 12 ਅੰਕਾਂ ਦਾ ਬਹੁਤ ਚੰਗਾ ਬੈਂਚ ਮਾਰਕ ਪੂਰਾ ਹੈ ਅਤੇ ਉਸ ਵਿਰੁੱਧ ਕੋਈ ਵਿਭਾਗੀ ਕਾਰਵਾਈ ਆਦਿ ਦਾ ਕੇਸ ਪੈਂਡਿੰਗ ਨਹੀਂ ਹੈ । ਇਸ ਲਈ ਕਮੇਟੀ ਵੱਲੋਂ ਉਸ ਨੂੰ ਜਨਰਲ ਵਰਗ ਦੀ ਅਸਾਮੀ ਵਿਰੁੱਧ ਪਦ-ਉਨਤੀ ਲਈ ਸਿਫਾਰਸ ਕੀਤਾ ਜਾਂਦਾ ਹੈ ।

(2) ਡਾ: ਗੁਰਪਾਲ ਸਿੰਘ ਸਚਦੇਵਾ , ਸੇਵਾ ਨੰ:5450, ਮੈਡੀਕਲ ਅਫਸਰ, ਸਰਕਾਰੀ ਮੈਡੀਕਲ ਕਾਲਜ, ਪਟਿਆਲਾ ਦਾ 12 ਅੰਕਾਂ ਦਾ ਬਹੁਤ ਚੰਗਾ ਬੈਂਚ ਮਾਰਕ ਪੂਰਾ ਹੈ ਅਤੇ ਉਸ ਵਿਰੁੱਧ ਕੋਈ ਵਿਭਾਗੀ ਕਾਰਵਾਈ ਆਦਿ ਦਾ ਕੇਸ ਪੈਂਡਿੰਗ ਨਹੀਂ ਹੈ । ਇਸ ਲਈ ਕਮੇਟੀ ਵੱਲੋਂ ਉਸ ਨੂੰ ਜਨਰਲ ਵਰਗ ਦੀ ਅਸਾਮੀ ਵਿਰੁੱਧ ਪਦ-ਉਨਤੀ ਲਈ ਸਿਫਾਰਸ ਕੀਤਾ ਜਾਂਦਾ ਹੈ ।

ਮੀਟਿੰਗ ਦੌਰਾਨ ਦੱਸਿਆ ਗਿਆ ਕਿ ਪਦ-ਉਨਤੀ ਕੋਟੇ ਦੀਆਂ 12 ਅਸਾਮੀਆਂ ਹਨ ਅਤੇ 11ਵਾਂ ਨੁਕਤਾ ਹੈਂਡੀਕੈਪਡ ਲਈ ਰਾਖਵਾਂ ਹੋਣ ਕਰਕੇ 1 ਅਸਾਮੀ ਹੈਂਡੀਕੈਪਡ ਡਾਕਟਰਾਂ ਨੂੰ ਜਾਂਦੀ ਹੈ, ਪਰੰਤੂ ਵਿਭਾਗ ਵਿੱਚ ਪ੍ਰੋਫੈਸਰ /ਐਸੋਸੀਏਟ ਪ੍ਰੋਫੈਸਰ ਅਤੇ ਸਹਾਇਕ ਪ੍ਰੋਫੈਸਰ ਦੀ ਅਸਾਮੀ ਤੇ ਇਨ੍ਹਾਂ ਨੂੰ ਪ੍ਰਤੀਨਿਧਤਾ ਦੇਣ ਸਬੰਧੀ ਮਾਮਲਾ ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ (ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ) ਨਾਲ ਉਠਾਇਆ ਹੋਇਆ ਹੈ । ਇਸ ਲਈ ਇਹ ਖਾਲੀ ਅਸਾਮੀ ਅਨੁਸਾਰ ਜਨਰਲ ਵਰਗ ਵਿੱਚੋਂ ਭਰੀ ਜਾ ਰਹੀ ਹੈ ਜਿਸ ਨਾਲ ਕਮੇਟੀ ਨੇ ਸਹਿਮਤੀ ਪ੍ਰਗਟ ਕੀਤੀ ਹੈ ।

(7) <u>ਸਹਾਇਕ ਪ੍ਰੋਫੈਸਰ (ਆਪਥੋਮੋਲੋਜੀ) - ਖਾਲੀ-1 (ਜਨਰਲ ਵਰਗ ਲਈ):-</u>

ਡਾ: ਰਜੇਸ ਕੁਮਾਰ, ਸੇਵਾ ਨੰ:6173, ਮੈਡੀਕਲ ਅਫਸਰ, ਸਿਵਲ ਹਸਪਤਾਲ, ਮਲੇਰਕੋਟਲਾ ਦੀ ਲੇਟੈਸਟ ਰਿਪੋਰਟ ਨਾ ਹੋਣ ਕਰਕੇ ਇਹ ਅਜੰਡਾ ਅਗਲੀ ਹੋਣ ਵਾਲੀ ਡੀ.ਪੀ.ਸੀ. ਦੀ ਮੀਟਿੰਗ ਲਈ ਡੈਫਰ ਕਰ ਦਿੱਤਾ ਗਿਆ ਹੈ ।

Kartar Singh

19/6/14

(8) <u>ਸਹਾਇਕ ਪ੍ਰੋਫੈਸਰ (ਐਨੇਥੀਸੀਆ) ਖਾਲੀ - 2 (ਅ:ਜਾਤੀ ਲਈ-1 ਅਤੇ ਜਨਰਲ ਵਰਗ ਲਈ -1):-</u>

ਅਜੰਡੇ ਵਿੱਚ ਸਾਮਲ ਲੜੀ ਨੰ:1 ਡਾ: ਰਮੇਸ ਧਵਨ, ਸੇਵਾ ਨੰ: 4182 ਵੱਲੋਂ 24 ਘੰਟੇ ਦਾ ਨੋਟਿਸ ਦਿੰਦੇ ਹੋਏ **ਸਵੈ-ਇਛੁੱਟ ਰਿਟਾਇਰਮੈਂਟ** ਮੰਗੀ ਹੈ ਜੋ ਕਿ ਪ੍ਰਵਾਨਗੀ ਲਈ ਪੇਸ ਕੀਤਾ ਹੋਇਆ ਹੈ । ਇਸ ਲਈ ਇਸ ਡਾਕਟਰ ਨੂੰ ਪਦ-ਉਨਤੀ ਲਈ ਨਹੀਂ ਵਿਚਾਰਿਆ ਜਾ ਰਿਹਾ ।

ਅਗਲੇ <u>ਡਾ: ਗੀਨਾ ਮਾਖਨੀ, ਸੇਵਾ ਨੰ:5340, ਮੈਡੀਕਲ ਅਫਸਰ, ਸਿਵਲ ਹਸਪਤਾਲ, ਅਜਨਾਲਾ, ਅੰਮ੍ਰਿਤਸਰ</u> ਦੀ ਲੇਟੈਸਟ ਰਿਪੋਰਟ ਨਾ ਹੋਣ ਕਰਕੇ ਉਸ ਨੂੰ ਜਨਰਲ ਕੈਟਾਗਰੀ ਦੀ 1 ਅਸਾਮੀ ਲਈ ਨਹੀਂ ਵਿਚਾਰਿਆ ਗਿਆ ਅਤੇ ਇਹ ਅਜੰਡਾ ਡੀ.ਪੀ.ਸੀ. ਦੀ ਅਗਲੀ ਹੋਣ ਵਾਲੀ ਮੀਟਿੰਗ ਵਿੱਚ ਵਿਚਾਰਨ ਲਈ ਕਿਹਾ ਗਿਆ ।

ਅਗਲੇ <u>ਡਾ: ਗੀਟਾ (ਅ:ਜਾਤੀ), ਸੇਵਾ ਨੰ:26/ਅਜ/1998, ਮੈਡੀਕਲ ਅਫਸਰ, ਸਿਵਲ ਹਸਪਤਾਲ, ਕਪੂਰਥਲਾ</u> ਦੀ ਲੇਟੈਸਟ ਰਿਪੋਰਟ ਨਾ ਹੋਣ ਕਰਕੇ ਉਸ ਨੂੰ ਜਨਰਲ ਕੈਟਾਗਰੀ ਦੀ 1 ਅਸਾਮੀ ਲਈ ਨਹੀਂ ਵਿਚਾਰਿਆ ਗਿਆ ਅਤੇ ਇਹ ਅਜੰਡਾ ਡੀ.ਪੀ.ਸੀ. ਦੀ ਅਗਲੀ ਹੋਣ ਵਾਲੀ ਮੀਟਿੰਗ ਵਿੱਚ ਵਿਚਾਰਨ ਲਈ ਕਿਹਾ ਗਿਆ ।

5. ਮੀਟਿੰਗ ਦੌਰਾਨ ਭਲਾਈ ਵਿਭਾਗ ਦੇ ਨੁੰਮਾਇੰਦੇ ਵੱਲੋਂ ਪ੍ਰੇਖਣ ਕੀਤਾ ਸੀ ਕਿ ਇਨ੍ਹਾਂ ਉਕਤ ਅਸਾਮੀਆਂ ਸਬੰਧੀ ਰੋਸਟਰ ਵੀ ਉਨ੍ਹਾਂ ਤੋਂ ਚੈਕ ਕਰਵਾ ਲਏ ਜਾਣ ਅਤੇ ਇਸ ਤਰ੍ਹਾਂ ਦਫ: ਡੀ.ਆਰ.ਐਮ.ਈ. ਦੇ ਡੀਲਿੰਗ ਸੁਪਰਡੰਟ ਅਤੇ ਸਹਾਇਕ ਵੱਲੋਂ ਭਲਾਈ ਵਿਭਾਗ ਦੇ ਨੁੰਮਾਇੰਦੇ ਤੋਂ ਰੋਸਟਰ ਚੈਕ ਕਰਵਾ ਕੇ ਉਨ੍ਹਾਂ ਦੇ ਹਸਤਾਖਰ ਕਰਵਾ ਲਏ ਗਏ ਹਨ । ਮੀਟਿੰਗ ਦੌਰਾਨ ਡਾਇਰੈਕਟਰ ਖੋਜ ਤੇ ਮੈਡੀਕਲ ਸਿੱਖਿਆ ਨੂੰ ਇਹ ਵੀ ਕਹਿ ਦਿੱਤਾ ਗਿਆ ਸੀ ਕਿ ਬਾਕੀ ਦੀਆਂ ਰਹਿੰਦੀਆਂ ਅਸਾਮੀਆਂ ਬਾਰੇ ਰੋਸਟਰ ਭਲਾਈ ਵਿਭਾਗ ਤੋਂ ਜਲਦੀ ਚੈਕ ਕਰਵਾ ਲਏ ਜਾਣ ਅਤੇ ਅਗਲੀ ਮੀਟਿੰਗ ਵਿੱਚ ਇਸ ਦੀ ਪੁਸ਼ਟੀ ਕਰ ਦਿੱਤੀ ਜਾਵੇ ।

ਮੀਟਿੰਗ ਚੇਅਰਮੈਨ ਜੀ ਨੂੰ ਧੰਨਵਾਦ ਦਿੰਦੇ ਹੋਏ ਖਤਮ ਹੋਈ ।

(ਕਰਤਾਰ ਸਿੰਘ)
ਸੁਪਰਡੰਟ, ਸਮਾਜਿਕ ਸੁਰੱਖਿਆ
ਅਤੇ ਇਸਤਰੀ ਤੇ ਬਾਲ ਵਿਕਾਸ।
(ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ
ਬਾਲ ਵਿਕਾਸ ਦਾ ਨੁਮਾਇੰਦਾ)

(ਵਿਨੀ ਮਹਾਜਨ)
ਪ੍ਰਮੁੱਖ ਸਕੱਤਰ ਪੰਜਾਬ ਸਰਕਾਰ
ਮੈਡੀਕਲ ਸਿੱਖਿਆ ਤੇ ਖੋਜ ਵਿਭਾਗ ।

(ਡਾ:ਤੇਜਬੀਰ ਸਿੰਘ )
ਡਾਇਰੈਕਟਰ,
ਖੋਜ ਤੇ ਮੈਡੀਕਲ ਸਿੱਖਿਆ

(ਸੁਰੇਸ਼ ਕੁਮਾਰ) 19/6/2014
ਸੁਪਰਡੰਟ,
(ਪ੍ਰਸੋਨਲ ਵਿਭਾਗ ਦਾ ਨੁਮਾਇੰਦਾ)

(ਕਸ਼ਮੀਰਾ ਸਿੰਘ)
ਬਜਟ ਅਫਸਰ,ਵਿੱਤ ਵਿਭਾਗ
(ਭਲਾਈ ਵਿਭਾਗ ਦਾ ਨੁਮਾਇੰਦਾ)